# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਰੀਦਕੋਟ।
## (ਫੁੱਟਕਲ ਸ਼ਾਖਾ)

ਹੁਕਮ ਨੰਬਰ 486 /ਫਸ

ਇਸ ਦਫਤਰ ਵੱਲੋਂ ਹੁਕਮ ਨੰਬਰ 212/ਫਸ ਮਿਤੀ 23.03.2020, ਜੋ ਕਿ ਪਿ.ਅੰ.ਨੰਬਰ 1587/ਫਸ ਮਿਤੀ 23.03.2020 ਰਾਹੀਂ ਕੋਰੋਨਾ ਵਾਇਰਸ ਦੇ ਬਚਾਅ ਲਈ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਅਗਲੇ ਹੁਕਮਾਂ ਤੱਕ ਕਰਫਿਊ ਲਗਾਇਆ ਗਿਆ ਹੈ।

ਜਿਵੇਂ ਕਿ ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ ਵੱਲੋ ਮੀਮੋ ਨੰ: **SS/ACSH/2020/408 dated 07.05.2020** ਰਾਂਹੀ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਰਫਿਊ ਦੋਰਾਨ ਆਮ ਲੋਕਾਂ ਦੀ ਸਹੂਲਤ ਲਈ ਜਿਲ੍ਹਾ ਫਰੀਦਕੋਟ ਅੰਦਰ ਹੇਠ ਦਰਜ ਅਨੁਸਾਰ ਦੁਕਾਨ ਮਾਲਕਾਂ ਨੂੰ ਦੁਕਾਨਾਂ ਖੋਲ੍ਹਣ ਲਈ ਕਰਫਿਊ ਤੋਂ ਸਵੇਰੇ 07:00 ਵਜੇ ਤੋਂ ਬਾਅਦ ਦੁਪਹਿਰ 03:00 ਤੱਕ ਇਸ ਦਫ਼ਤਰ ਵੱਲੋਂ ਹੁਕਮ 384/ਫਸ ਦੇ ਪਿ:ਅੰ:ਨੰ: 2355/ਫਸ-ਫਕ-2 ਮਿਤੀ 30-04-2020 ਰਾਹੀਂ ਬਣਾਏ ਗਏ ਜੋਨਾਂ ਅਨੁਸਾਰ ਛੋਟ ਦਿੱਤੀ ਜਾਂਦੀ ਹੈ।

1. ਫੋਟੋਗ੍ਰਾਫਰ
2. ਡਰਾਈਕਲੀਨਰਜ਼
3. ਫੋਟੋਸਟੇਟ ਮਸ਼ੀਨ ਮਾਲਕ

ਅਜਿਹਾ ਕਰਦੇ ਸਮੇਂ ਇਹਨਾਂ ਦੁਕਾਨਾਂ ਦੇ ਮਾਲਕ ਕੋਰੋਨਾ ਵਾਈਰਸ ਦੀ ਰੋਕਥਾਮ ਲਈ ਭਾਰਤ ਸਰਕਾਰ/ਪੰਜਾਬ ਸਰਕਾਰ ਅਤੇ ਇਸ ਦਫ਼ਤਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਨਾਉਣਗੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕਾਨੂੰਨ ਦੀਆਂ ਸਬੰਧਤ ਧਾਰਵਾਂ ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਹੁਕਮ ਅੱਜ ਮਿਤੀ 07-05-2020 ਨੂੰ ਨਿਮਨਹਸਤਾਖਰ ਦੇ ਹਸਤਾਖਰਾਂ ਅਤੇ ਦਫ਼ਤਰ ਦੀ ਮੋਹਰ ਹੇਠ ਜਾਰੀ ਕੀਤਾ ਗਿਆ।

ਇਹ ਹੁਕਮ ਕਰਫਿਊ/ਲਾਕਡਾਊਨ ਦੌਰਾਨ ਲਾਗੂ ਰਹਿਣਗੇ।

ਮਿਤੀ 07.05.2020

(ਕੁਮਾਰ ਸੋਰਭ ਰਾਜ), ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ, ਫਰੀਦਕੋਟ।

District Magistrate FARIDKOT

ਪਿੱ:ਅੰ:ਨੰ: 2579 /ਫਸ-ਫਕ-2 ਮਿਤੀ 07-05-2020
ਉਪਰੋਕਤ ਦਾ ਉਤਾਰਾ:-

ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
2) ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
3) ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ
4) ਵਧੀਕ ਡਿਪਟੀ ਕਮਿਸ਼ਨਰ (ਜ) ਅਤੇ (ਵਿਕਾਸ), ਫਰੀਦਕੋਟ
5) ਉਪ ਮੰਡਲ ਮੈਜਿਸਟਰੇਟ, ਫਰੀਦਕੋਟ/ਕੋਟਕਪੂਰਾ ਅਤੇ ਜੈਤੋ
6) ਸਿਵਲ ਸਰਜਨ, ਫਰੀਦਕੋਟ
7) ਸਹਾਇਕ ਲੇਬਰ ਕਮਿਸ਼ਨਰ, ਮੋਗਾ
8) ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ
9) ਤਹਿਸੀਲਦਾਰ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ
10) ਬੀ.ਡੀ.ਪੀ.ਓ., ਫਰੀਦਕੋਟ, ਕੋਟਕਪੂਰਾ ਅਤੇ ਜੈਤ

ਪਾਸ ਸੂਚਨਾ ਅਤੇ ਉਕਤ ਹੁਕਮਾਂ ਦੀ ਪਾਲਣਾ ਕਰਨ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟਰੇਟ,
ਫਰੀਦਕੋਟ।

Scanned with CamScanner